EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

**Ref No: PUSA/GEN/2022/027** **Dated:10-05-2022**

ਮਾਨਯੋਗ ਮੁੱਖ ਸਕੱਤਰ ਜੀ,

ਸਕੂਲ ਸਿੱਖਿਆ ਵਿਭਾਗ,

ਪੰਜਾਬ|

**ਵਿਸ਼ਾ:- ਸਾਲ 2022 ਦੌਰਾਨ ਪੰਜਾਬ ਰਾਜ ਦੇ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਕਰਨ ਸਬੰਧੀ |**

ਹਵਾਲਾ ਆਪ ਜੀ ਦੇ ਮੀਮੋ ਨੰ.8/19/205-5 ਮਿਨ /54-55 ਮਿਤੀ 29-04-2022 ਜਿਸ ਰਾਹੀਂ ਆਪ ਜੀ ਨੇ ਵੱਧਦੀ ਗਰਮੀ ਦੇ ਮਦੇਨਜਰ ਸਕੂਲੀ ਸਮੇਂ ਵਿੱਚ ਬਦਲਾਵ ਅਤੇ 15 ਮਈ ਤੋਂ 30 ਜੂਨ ਤੱਕ ਛੁੱਟੀਆਂ ਦੇ ਹੁਕਮ ਜਾਰੀ ਕੀਤੇ ਸਨ ਇਸ ਸ਼ਰਤ ਤੇ ਕੇ ਪੜ੍ਹਾਈ ਦੇ ਨੁਕਸਾਨ ਦੀ ਪੂਰਤੀ ਲਈ 15 ਮਈ ਤੋਂ 31 ਮਈ ਤੱਕ ਆਨਲਾਈਨ ਕਲਾਸਾਂ ਲਗਾਈਆਂ ਜਾਣ|

ਸਾਡੀ ਪ੍ਰਾਈਵੇਟ ਅਨਏਡਿਡ ਸਕੂਲਾਂ ਦੀ ਐਸੋਸੀਏਸ਼ਨ (ਪੂਸਾ) ਆਪ ਜੀ ਦੀ ਬਾਲ ਹਿਤੈਸ਼ੀ ਸੋਚ ਦੀ ਸ਼ਲਾਘਾ ਕਰਦੀ ਹੈ ਅਤੇ ਏਸੇ ਸੋਚ ਦੇ ਤਹਤ ਪੇਸ਼ ਆ ਰਹੀਆਂ ਕਠਿਨਾਈਆਂ ਬਾਰੇ ਬੇਨਤੀ ਕਰਨਾ ਚਾਹੁੰਦੀ ਹੈ| ਆਪ ਜੀ ਦੁਆਰਾ ਦਿੱਤੀਆਂ 15 ਦਿਨਾਂ ਦੀਆਂ ਵਾਧੂ ਛੁੱਟੀਆਂ ਅਤੇ ਉਸ ਕਾਰਨ ਪੜ੍ਹਾਈ ਦੇ ਨੁਕਸਾਨ ਦੀ ਪੂਰਤੀ ਲਈ, ਆਨਲਾਈਨ ਕਲਾਸਾਂ ਦੀ ਸ਼ਰਤ ਨੂੰ ਲੈ ਕੇ ਸਾਡੇ ਸਕੂਲਾਂ ਨੂੰ ਮਾਪਿਆਂ ਤੋਂ ਸਹਿਮਤੀ ਪ੍ਰਾਪਤ ਕਰਨ ਵਿੱਚ ਭਾਰੀ ਕਠਨਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ |

ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਆਨਲਾਈਨ ਕਲਾਸਾਂ ਦੇ ਚਲਦਿਆਂ ਦੋ ਸਾਲਾਂ ਵਿੱਚ ਕਰੋਨਾ ਮਹਾਮਾਰੀ ਦੀ ਮਾਰ ਨੇ ਸਕੂਲੀ ਬੱਚਿਆਂ ਦੀ ਮਾਨਸਿਕਤਾ ਅਤੇ ਵਿੱਦਿਆ ਪੱਧਰ ਤੇ ਗਹਿਰਾ ਘਾਤ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਛੁੱਟੀਆਂ ਦਾ ਜ਼ਿਕਰ ਵੀ ਮਾਪਿਆਂ ਵਿੱਚ ਰੋਸ ਦਾ ਕਾਰਨ ਬਣਿਆ ਹੋਇਆ ਹੈ | ਜਿੱਥੋਂ ਤੱਕ ਆਨਲਾਇਨ ਕਲਾਸਾਂ ਦਾ ਸੰਬੰਧ ਹੈ ਮਾਪਿਆਂ ਨੇ ਉਨ੍ਹਾਂ ਨੂੰ ਬੇਅਸਰ ਕਰਾਰ ਦਿੱਤਾ ਹੋਇਆ ਹੈ, ਕਿਉਂਕਿ ਉਹਨਾਂ ਦੇ ਬੱਚੇ ਆਨਲਾਇਨ ਕਲਾਸਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ| ਜਿੱਥੋਂ ਤੱਕ ਮਾਪਿਆਂ ਦਾ ਸਬੰਧ ਹੈ ਉਹਨਾਂ ਦਾ ਕਹਿਣਾ ਹੈ ਕਿ ਉਹ ਆਨਲਾਇਨ ਕਲਾਸਾਂ ਲਈ ਲੋੜੀਂਦੇ ਸਾਧਨ ਵੀ ਜੁਟਾਉਣ ਵਿੱਚ ਅਸਮਰਥ ਹਨ ਅਤੇ ਨੈੱਟ ਦੀ ਵੀ ਗੰਭੀਰ ਸਮੱਸਿਆ ਹੈ | ਇਸ ਵਿੱਚ ਇੱਕ ਪਹਿਲੂ ਇਹ ਵੀ ਹੈ ਕਿ ਸੀ.ਬੀ.ਐੱਸ.ਈ ਸਕੂਲਾਂ ਵੱਲੋਂ ਸਕੂਲਾਂ ਵਿੱਚ ਬੱਚਿਆਂ ਦੇ ਪਿਰਿਓਡਿਕ ਟੈਸਟ ਜੋ ਕਿ 18 ਜਾਂ 19 ਮਿਤੀ ਤੋਂ ਸ਼ੁਰੂ ਕੀਤੇ ਜਾਣੇ ਹਨ ਜੋ ਪਹਿਲਾਂ ਤੋਂ ਹੀ ਤੈਅ ਹਨ| ਉਹਨਾਂ ਦੀ ਵੀ ਵੱਡੀ ਸਮੱਸਿਆ ਖੜ੍ਹੀ ਹੋਵੇਗੀ ਜੀ, ਇਹ ਟੈਸਟ ਆਨਲਾਇਨ ਸੰਭਵ ਨਹੀਂ ਹਨ |

EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

ਸਾਡੀ ਐਸੋਸੀਏਸ਼ਨ ਆਪ ਜੀ ਨੂੰ ਪੁਰਜ਼ੋਰ ਬੇਨਤੀ ਕਰਦੀ ਹੈ ਕਿ ਪੜ੍ਹਾਈ ਦੀ ਬੇਹਤਰੀ ਅਤੇ ਮਾਪਿਆਂ ਦੀ ਸਹਮਤੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਛੁੱਟੀਆਂ ਵਿੱਚ 15 ਦਿਨਾਂ ਦਾ ਵਾਧਾ ਕਰਨ ਦੀ ਬਜਾਏ, ਬਦਲੇ ਹੋਏ ਘੱਟ ਸਮੇਂ ਵਿੱਚ ਚੱਲ ਰਹੀਆਂ ਕਲਾਸਾਂ ਜਿਵੇ-ਤਿਵੇਂ ਜਾਰੀ ਰਹਿਣ ਦਿਤੀਆਂ ਜਾਣ ਕਿਉਂ ਕਿ ਹੁਣ ਤਾਪਮਾਨ ਵਿੱਚ ਵਾਧੇ ਦੀ ਕੋਈ ਖਾਸ ਸੰਭਾਵਨਾ ਨਹੀਂ ਜਾਪਦੀ| ਇਸ ਤੋਂ ਇਲਾਵਾ ਅਸੀਂ ਯਕੀਨ ਦਿਵਾਉਂਦੇ ਹਾਂ ਕਿ ਸਾਡੇ ਸਕੂਲਾਂ ਵਿੱਚ ਲੋੜੀਂਦੇ ਪੱਖੇ ਅਤੇ ਜਨਰੇਟਰਾਂ ਦਾ ਪੂਰਾ ਪ੍ਰਬੰਧ ਹੈ ਤਾਂ ਜੋ ਕਿਸੇ ਬੱਚੇ ਨੂੰ ਗਰਮੀ ਕਰਕੇ ਬੇਆਰਾਮੀ ਮਹਿਸੂਸ ਨਾ ਹੋਵੇ |

ਸਾਡੀ ਸਕੂਲਾਂ , ਵਿੱਦਿਆ ਅਤੇ ਵਿੱਦਿਆਰਥੀ ਪੱਖੀ ਜਥੇਬੰਦੀ ਆਪ ਜੀ ਦੇ ਹਾਂ ਪੱਖੀ ਹੁੰਗਾਰੇ ਦੀ ਆਸ ਕਰਦੀ ਹੈ | ਇਸ ਬੇਨਤੀ ਨੂੰ ਪ੍ਰਵਾਨ ਕਰਕੇ ਧੰਨਵਾਦੀ ਬਣਾਉਗੇ ਜੀ |

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਰਨਲ ਸਕੱਤਰ ਪੂਸਾ ਪੰਜਾਬ

Regd. Office: Opp. Teachers' Home, Mahavir Dal Market, Bathinda- 151001(Punjab) INDIA
E-mail: pusapunjab@gmail.com